# ਸਰਬਕਾਲੀ ਅਤੇ ਸਰਬਸਮਰੱਥ ਸ਼ਬਦ-ਗੁਰੂ
# ਸ੍ਰੀ ਗੁਰੂ-ਗ੍ਰੰਥ ਸਾਹਿਬ ਜੀ

ਜਿਹੜੇ ਕਈ ਕਹਿੰਦੇ ਕੁਹਾਉਂਦੇ ਸਿੱਖ, 'ਸਈਅਦ ਪੀਰ' ਜਾਂ 'ਅਜਮੇਰੀ ਬਾਬੇ' ਦੇ ਤਲੇ ਚੱਟਦੇ ਦੇਖੇ ਜਾ ਸਕਦੇ ਹਨ, ਉਨ੍ਹਾਂ ਦੇ ਵਡੇਰੇ 'ਜ਼ਾਹਰ ਪੀਰ ਜਗਤ ਗੁਰ ਬਾਬਾ' ਨਾਨਕ ਜੀ, ਖਸਮ ਕੀ ਆਈ 'ਧੁਰ ਕੀ ਬਾਣੀ' ਦੇ ਅਗੰਮੀ ਸ਼ਬਦ ਉਹ ਆਪ ਲਿਖਤੀ ਰੂਪ ਵਿਚ ਇਕੱਤਰ ਕਰਦੇ ਰਹੇ।ਇਸੇ ਸ਼ਬਦ-ਸਮੂੰਹ ਤੋਂ 'ਪੋਥੀ ਸਾਹਿਬ' ਤੇ ਫਿਰ ਪੋਥੀ ਸਾਹਿਬ ਤੋਂ 'ਗ੍ਰੰਥ ਸਾਹਿਬ' ਦੇ ਰੂਪ ਵਿਚ ਇਕੱਤਰ ਤੇ ਸੰਪਾਦਨਾ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਹੀ, ਗੁਰੂ ਸਾਹਿਬਾਨ ਦੇ ਸ਼ਰੀਕ ਬਣਕੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਆਦਿ ਤੋਂ ਲੈਕੇ ਸੋਢੀ ਪ੍ਰਿਥੀ ਚੰਦ, ਮਿਹਰਬਾਨ ਤੇ ਹਰਿ ਜੀ ਦੇ ਰੂਪ ਵਿਚ ਆਪਣਾ ਅਲਿਹਦਾ ਪੰਥ ਚਲਾ ਰਹੇ ਸਨ।ਫਿਰ ਨੌਵੇਂ ਪਾਤਸ਼ਾਹ ਵੇਲੇ ਸੋਢੀ ਧੀਰ ਮੱਲ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਚੁਬੰਦੀਏ, ਜੀਤ ਮੱਲੀਏ ਤੇ ਹਠੀ ਸਿੰਘੀਏ ਸਾਰੇ ਨਕਲੀ ਗੁਰੂ ਆਪਣੀ ਆਪਣੀ ਡਫਲੀ ਤਾਂ ਵਜਾਉਂਦੇ ਰਹੇ, ਪਰ ਇੰਨ੍ਹਾਂ ਵਿਚੋਂ ਗੁਰੂ ਪਦਵੀ ਤੇ ਕੋਈ ਵੀ ਪੂਰਾ ਨਾ ਉਤਰ ਸਕਿਆ ਤੇ ਨਾਂ ਉਤਰ ਹੀ ਸਕੇਗਾ।

ਸਿੱਖ ਰਾਜ ਸਮੇਂ ਸੋਢੀ ਵਡਭਾਗ ਸਿੰਘ ਜੀ ਕਰਤਾਰਪੁਰੀਏ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀਏ, ਬੇਦੀ ਸਾਹਿਬ ਜੀ ਊਨਾ, ਬਾਬਾ ਖੁਦਾ ਸਿੰਘ ਜੀ ਲਹੌਰ ਦੇ, ਬਾਬਾ ਟਹਿਲ ਸਿੰਘ (ਪ੍ਰਸਿੱਧ ਨਾਮ ਮਹਾਰਾਜ ਸਿੰਘ) ਜੀ ਅੰਮ੍ਰਿਤਸਰ ਆਦਿ ਕਈ ਪੂਰ ਧਾਰਮਿਕ ਆਗੂਆਂ ਦੇ ਆਏ, ਪਰ ਉਨ੍ਹਾਂ ਦਾ ਪ੍ਰਭਾਵ 'ਗੁਰੂ-ਪੰਥ' ਵਾਲੀ ਸਾਂਝੀ ਜਥੇਬੰਦੀ ਨੇ ਨਹੀਂ ਕਬੂਲਿਆ। ਜਿਵੇਂ ਸਮੇਂ ਸਮੇਂ ਹਿੰਦਾਲੀਏ, ਗੰਗੂ ਸ਼ਾਹੀਏ, ਮੀਣੇ ਮਸੰਦ, ਗੁਲਾਬਦਾਸੀਏ ਅੱਡੋ ਅੱਡ ਫਿਰਕਿਆਂ ਦੇ ਆਗੂ ਆਪਣੇ ਗੁਰੂ-ਡੰਮ ਦਾ ਹੋਕਾ ਤਾਂ ਦਿੰਦੇ ਰਹੇ, ਪਰ ਉਨ੍ਹਾਂ ਦੀ ਹੈਸੀਅਤ ਖਾਲਸੇ ਦੇ ਸਾਹਮਣੇ ਨਾਮ-ਬਾਣੀ ਦੇ ਬੋਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ ਤੇ ਕਿਸੇ ਹਾਲਤ ਵਿਚ ਵੀ ਕਾਮਯਾਬ ਸਾਬਤ ਨਾਂ ਹੋ ਸਕੀ ਤੇ ਨਾਂ ਹੋ ਹੀ ਸਕੇਗੀ।

ਸਿੱਖ ਰਾਜ ਤੋਂ ਪਿੱਛੋਂ ਗੁਰੂ-ਸਿੱਖੀ ਦੇ ਪ੍ਰਚਾਰ ਹਿੱਤ 'ਨਿਰੰਕਾਰੀ' ਤੇ 'ਨਾਮਧਾਰੀ' ਦੋ ਸੰਪ੍ਰਦਾਵਾਂ ਸਾਹਮਣੇ ਆਈਆਂ।ਬੇਸ਼ੱਕ ਪਹਿਲਾਂ ਤਾਂ ਇੰਨ੍ਹਾਂ ਦੇ ਮੋਢੀ 'ਭਾਈ' ਅਖਵਾ ਕੇ ਫਖਰ ਮਹਿਸੂਸ ਕਰਦੇ ਸੀ, ਪਰ ਬਾਅਦ ਵਿਚ ਇੰਨ੍ਹਾਂ ਦੇ ਉਤਰਾਧਿਕਾਰੀਆਂ ਨੇ ਮੱਲੋਜ਼ੋਰੀ 'ਬਾਬਾ' ਤੇ 'ਗੁਰੂ' ਆਦਿ ਦੀਆਂ ਅੱਲਾਂ ਲਾ ਲਈਆਂ, ਹਾਲਾਂ ਕਿ ਇੰਨ੍ਹਾਂ ਵਿਚੋਂ, ਇੰਨ੍ਹਾਂ ਦੇ ਕਿਸੇ ਵੀ ਮੋਢੀ ਨੇ ਆਪਣੇ ਆਪ ਨੂੰ ਕਦੇ ਗੁਰੂ ਨਹੀਂ ਅਖਵਾਇਆ ਸੀ।ਇੰਨ੍ਹਾਂ ਵਿਚੋਂ ਹੀ ਕਈ ਆਪਣੇ ਨਿੱਜੀ-ਹਿੱਤ ਮੁੱਖ ਰੱਖਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰੂ ਗੱਦੀ ਦਾ ਖੰਡਨ ਕਰਨ ਦਾ ਹੀਆ ਕਰਨ ਲੱਗ ਪਏ, ਜੋ ਕਿ ਅਯੋਗ ਹੀ ਨਹੀਂ, ਸਗੋਂ ਸਾਰੇ ਪੱਖਾਂ ਤੋਂ ਬੜਾ ਬੇਹੂਦਾ ਤੇ ਇਤਰਾਜ਼ਯੋਗ ਭੀ ਹੈ, ਕਿਉਂਕਿ ਦਮਦਮਾ ਸਾਹਿਬ ਦੇ ਸਥਾਨ ਤੇ ਦਸ ਗੁਰੂ ਸਾਹਿਬਾਨ ਜੀ ਦੀ ਆਤਮਿਕ-ਜੋਤ-ਰੂਪ ਨਾਮ-ਬਾਣੀ ਚਾੜ੍ਹ ਕੇ, ਦਸਮੇਸ਼ ਪਿਤਾ ਨੇ ਰਸਮ ਅਨੁਸਾਰ ਸੰਨ 1708 ਈ: ਵਿਚ 'ਗੁਰੂ-ਪੰਥ' ਨੂੰ ਤਾਬਿਆ ਕਰਕੇ ਗੁਰਿਆਈ 'ਗੁਰੂ-ਗ੍ਰੰਥ ਸਾਹਿਬ' ਜੀ ਨੂੰ ਸੌਂਪ ਦਿੱਤੀ ਸੀ, ਤਾਂ ਜੁ ਅਗਾਂਹ ਜਾਕੇ ਕੋਈ ਹੋਰ ਦੇਹਧਾਰੀ ਗੁਰੂ ਬਨਣ ਦਾ ਢਕਵੰਜ ਨਾਂ ਕਰ ਸਕੇ, ਪਰ ਅਜੇ ਵੀ ਕਰਦੇ ਹਨ।

ਗੁਰੂ ਕੋਈ ਦੇਹ ਜਾਂ ਸ਼ਰੀਰ ਨਹੀਂ, ਜਿਸਦਾ ਪ੍ਰਤੱਖ ਸਬੂਤ ਇਹ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਵਿਚ ਸਮੇਤ ਗੁਰੂਆਂ ਦੇ ਭਾਵੇਂ 36 ਬਾਣੀ ਰਚਨ ਵਾਲੇ ਮਹਾਂਪੁਰਖਾਂ ਨੂੰ ਥਾਂ ਮਿਲਿਆ ਹੋਇਆ ਹੈ, ਪਰ ਬਾਣੀ ਦਾ ਰੂਪ, ਬਾਣੀ ਦਾ ਅਨੁਭਵ, ਬਾਣੀ ਦਾ ਗਿਆਨ, ਬਾਣੀ ਦਾ ਆਦਰਸ਼ ਤੇ ਬਾਣੀ ਦਾ ਪ੍ਰਭਾਵ 'ਏਕਤਾ' ਤੇ 'ਇਕਾਗ੍ਰਤਾ' ਵਾਲਾ ਹੀ ਹੈ।

ਸ਼ਰੀਰ ਹੈ ਤਾਂ ਮਿੱਟੀ ਦਾ ਪੁਤਲਾ ਹੀ ਲੇਕਿਨ ਰੱਬੀ ਜੋਤਿ ਸਦਕੇ ਇਸਦਾ ਗੌਰਵ ਹੈ, ਜਾਂ ਦੈਵੀ ਗੁਣਾਂ ਦੇ ਪ੍ਰਭਾਵ ਕਰਕੇ ਇਹ ਦੇਹੀ ਸਨਮਾਨ ਪਾਉਂਦੀ ਹੈ।ਜੇ ਇਸ ਭਾਂਡੇ ਵਿਚ ਕੁਝ ਨਹੀਂ ਤਾਂ ਇਹ ਸੱਖਣਾ ਭਾਂਡਾ ਕਿਸੇ ਕੰਮ ਨਹੀਂ ਸਗੋਂ 'ਧਾਣਕ ਰੂਪ' ਹੀ ਹੈ।ਅਧਿਆਤਮਵਾਦ ਦੇ ਮੁਕਾਬਲੇ ਦੇਹਵਾਦ ਤੁੱਛ ਹੈ:-

ਤੂ ਕਾਇਆ ਮੈ ਰੁਲਦੀ ਦੇਖੀ ਜਿਉ ਧਰਿ ਊਪਰਿ ਛਾਰੋ।ਆਸਾ ਮ:1

ਦੇਹ ਬੇਸ਼ੱਕ ਆਦਰਯੋਗ ਹੈ, ਪਰ ਇਹ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਵੀ ਸ਼ੌਕੀਨ ਹੈ, ਜੋ ਕਿ ਅਗਾਂਹ ਅਕ੍ਰਿਤਘਣਤਾ ਅਤੇ ਨਿੰਦਕ ਆਦਿ ਤੱਕ ਵੀ ਪਹੁੰਚ ਸਕਦੀ ਹੈ।ਸ਼ਬਦ, ਸਪਰਸ਼, ਰੂਪ, ਰਸ, ਗੰਧ; ਇਹ ਪੰਜ ਸ਼ਰੀਰਕ ਵਾਸ਼ਨਾਵਾਂ ਕੁਦਰਤੀ ਹਨ, ਪਰ ਜਦੋਂ ਇਹ ਹੱਦ ਤੋਂ ਵੱਧ ਜਾਂਦੀਆਂ ਹਨ ਤਾਂ ਇਹ 'ਵਿਕਾਰ' ਬਣ ਜਾਂਦੀਆਂ ਹਨ ਤੇ ਇਸ ਦੇਹੀ ਨੂੰ ਖੁਆਰ ਕਰਦੀਆਂ ਹਨ-ਮਾਣਸ ਦੇਹੀ ਪੰਜ ਰੋਗ ਪੰਜੇ ਰੋਗ ਕੁਸੂਤ ਕਰੰਦੇ॥ (ਭਾ:ਗੁਰਦਾਸ ਜੀ)

ਪੁਰਾਤਨ ਧਰਮੀ, ਦੇਹ ਨਾਲੋਂ ਆਤਮਾ ਨੂੰ ਉਚਾ ਮੰਨਦੇ ਸਨ ਤੇ ਉਹ ਜੋਤਿ ਦੇ ਪੁਜਾਰੀ ਸਨ।ਨਵੇਂ ਦੰਭੀ ਲੋਕ ਜੋ ਸ਼ਾਇਦ ਆਤਮ-ਮੰਡਲ ਤੱਕ ਪਹੁੰਚਣ ਦੀ ਯੋਗਤਾ ਨਹੀਂ ਰੱਖਦੇ, ਉਹ ਦੇਹ ਤੇ ਦੇਹਧਾਰੀ ਨੂੰ ਹੀ ਸਭ ਕੁੱਝ ਮੰਨਕੇ ਚੱਲਦੇ ਹਨ।ਆਤਮ-ਪੁਜਾਰੀ ਹੋਣਾ ਸੂਖਮ ਕਾਰਜ ਹੈ, ਤੇ ਦੇਹ-ਪੁਜਾਰੀ ਹੋਣਾ ਮੋਟਾ ਤਕੜਾ ਕੰਮ ਹੈ।ਜਿਵੇਂ ਪੁਰਾਣੇ ਸਨਾਤਨੀ ਲੋਕ ਬੁੱਤਪ੍ਰਸਤੀ ਵਿਚ ਫਸ ਕੇ ਰਹਿ ਗਏ ਸਨ, ਤਿਵੇਂ ਇਹ ਦੰਭੀ ਲੋਕ ਜਿਸਮ-ਪੂਜ ਹੋ ਗਏ ਤੇ 'ਸਾਕਾਰ ਦੇਹਧਾਰੀ' ਗੁਰੂ ਦਾ ਢੰਡੋਰਾ ਪਿੱਟ ਕੇ ਦਾਅਵਾ 'ਨਿਰੰਕਾਰ' ਦਾ ਕਰਨ ਲੱਗ ਪਏ।ਕੰਮ ਵਾਮ-ਮਾਰਗੀਆਂ ਵਾਲੇ 'ਦੇਹ ਦੀ ਮੌਜ' ਦੇ ਕਰਨੇ ਤੇ ਗੱਲਾਂ 'ਰੂਹ ਦੇ ਦੇਸ਼' ਦੀਆ ਕਰਨੀਆਂ, ਵਾਹ ਵਾਹ ਦੋਹੀ ਹੱਥੀਂ ਲੱਡੂ !!

ਦੇਹੀ ਵਿਚ ਅਨੇਕ ਔਗੁਣ ਹਨ।ਸ਼ਰੀਰਕ ਵਾਸ਼ਨਾਵਾਂ ਤੋਂ ਅੱਗੇ ਟੱਪ ਕੇ ਸਵਾਰਥ ਵੱਸ ਇਹ 'ਪ੍ਰਿਥੀਚੰਦ' ਤੇ 'ਧੀਰ ਮੱਲ' ਵੀ ਹੋ ਸਕਦੀ ਹੈ, ਪਰ ਆਤਮਕ ਮੰਡਲ ਵਿਚ ਇਸਦੀ ਕੋਈ ਥਾਂ ਨਹੀਂ।ਦੇਹ ਜਦੋਂ ਪਾਪਾਂ ਦੇ ਰਾਹ ਤੁਰੇ ਤਾਂ ਇਸਦਾ ਕੋਈ ਹੱਦ ਬੰਨਾਂ ਨਹੀਂ ਰਹਿੰਦਾ।ਇਹ ਗੁਰੂ ਤੇਗ ਬਹਾਦਰ ਜੀ ਤੇ ਗੋਲੀਆਂ ਬਰਸਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਵੀ ਚੁੱਕ ਕੇ ਲਿਜਾਂਦੀ ਰਹੀ ਹੈ।ਕੋਈ ਦੇਹਧਾਰੀ ਗੁਰੂ ਕਾਮਵੱਸ ਹੋਕੇ ਐਸਾ ਨੀਚ ਵੀ ਹੋ ਸਕਦਾ ਹੈ, ਕਿ ਸ਼ੈਤਾਨ ਬਣਕੇ ਆਪਣੇ ਚੇਲਿਆਂ ਵਿਚੋਂ ਹੀ ਮਾਸੂਮਾਂ ਦੀ

ਪੱਤ ਲੁੱਟੇ।ਫਿਰ ਇਹੀ ਦੇਹ ਕ੍ਰੋਧੀ ਹੋਕੇ ਆਪਣੀ ਗੱਦੀ ਦਾ ਢੋਲ ਪਿੱਟਣ ਲਈ ਬੇਗੁਨਾਹਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਦੀ ਹੈ।ਲੋਭੀ ਦੇਹ ਐਸੀ ਵੀ ਹੋ ਸਕਦੀ ਹੈ, ਕਿ ਆਪਣੇ ਗਰੀਬ ਸ਼ਰਧਾਲੂਆਂ ਕੋਲੋਂ ਮਾਇਆ ਬਟੋਰ ਕੇ ਆਪਣੇ ਆਪ ਨੂੰ ਨੋਟਾਂ ਜਾਂ ਸੋਨੇ ਨਾਲ ਤੁਲਵਾਵੇ।ਦੇਹਧਾਰੀ ਗੁਰੂ, ਮੋਹ-ਗ੍ਰਸਤ ਹੋਕੇ ਉਹ ਆਪਣੇ ਪਿਉ ਨੂੰ 'ਜਗਤ-ਪਿਤਾ', ਮਾਂ ਨੂੰ 'ਜਗਤ-ਮਾਤਾ' ਤੇ ਘਰਵਾਲੀ ਨੂੰ 'ਰਾਜ-ਮਾਤਾ' ਦੱਸ ਕੇ ਪੁਜਵਾਵੇ।ਇਹ 'ਪੰਜੇ ਐਬ ਸ਼ਰਈ ਬਾਬਾ' (ਦੇਹਧਾਰੀ ਗੁਰੂ) ਦੀ ਇਕ ਮਿਸਾਲ ਹੈ, ਜੋ ਪ੍ਰਤੱਖ ਹੈ ਤੇ ਬਾਕੀ 'ਘਟ ਘਟ ਕੇ ਪਟ ਪਟ ਕੀ ਜਾਨਤ' ਵਾਲੇ ਵਾਹਿਗੁਰੂ ਪ੍ਰਮੇਸ਼ਰ ਨੂੰ ਪਤਾ ਹੈ।

'ਗੁਰੂ ਕਾ ਦਰਸ਼ਨ', 'ਗੁਰੂ ਕੀ ਸੇਵਾ', 'ਚਰਣ ਕਮਲ', 'ਚਰਣ ਧੂੜਿ' ਆਦਿ ਲਫਜ਼ਾਂ ਦਾ ਸਹਾਰਾ ਲੈਕੇ ਦੇਹਧਾਰੀ ਗੁਰੂ 'ਬਲਦੀ ਉਪਰ ਤੇਲ ਪਵੰਦੇ' ਜਾਂ ਆਪਣੇ ਡੁੱਬ ਰਹੇ ਬੇੜੇ ਵਿਚ ਆਪਣਿਆਂ ਚੇਲਿਆਂ ਨੂੰ ਵੀ ਡਬੋ ਰਹੇ ਹਨ।ਦਰਸ਼ਨ ਸੰਗਤ ਵਿਚ, ਸੇਵਾ ਖਲਕਤ ਦੀ, ਚਰਨ ਕਮਲ ਕਿਸੇ ਦੇਹਧਾਰੀ ਦੇ ਨਹੀਂ, ਸਗੋਂ ਪ੍ਰਮੇਸ਼ਰ ਦੀ ਹਸਤੀ ਹੈ, ਜਿਸਨੂੰ ਸ਼ਰਧਾਵਾਨ ਅੰਤਰ ਆਤਮੇ ਛੋਹ ਕੇ ਆਤਮਿਕ ਰਸ ਲੈਂਦਾ ਹੈ, ਅਤੇ ਚਰਣ ਧੂੜਿ ਦਾ ਅਰਥ ਏਥੇ ਪ੍ਰਮੇਸ਼ਰ ਦੇ ਰਾਹ ਉਤੇ ਚੱਲਣ ਵਾਲੇ ਮਹਾਨ ਪੁਰਸ਼ਾਂ ਦੀ ਧੂੜ ਲੈਣ ਦਾ ਭਾਵ, ਉਨ੍ਹਾਂ ਦੀ ਬਖਸ਼ਿਸ਼ ਤੇ ਮਿਹਰ ਦਾ ਪਾਤ੍ਰ ਹੋਣਾ ਹੈ, ਤਾਂ ਕਿ ਉਨ੍ਹਾਂ ਦੀ ਸੰਗਤ ਸਦਕਾ ਰੱਬੀ ਮਾਰਗ ਉਤੇ ਚੱਲਿਆ ਜਾ ਸਕੇ।

ਭਵਸਾਗਰ ਵਿਚ ਡੋਲਦੀ ਹੋਈ ਬੇੜੀ ਵਾਲੇ ਮਨੁੱਖ ਨੂੰ ਚੁਕੰਨਾ ਕਰਕੇ ਰਾਹ ਦਿਖਾਉਣ ਵਾਲੇ ਗੁਰੂ ਦੀ ਸਦਾ ਲੋੜ ਰਹਿੰਦੀ ਹੈ।ਗੁਰੂ ਹੋਣ ਲਈ ਹੱਥਾਂ ਪੈਰਾਂ ਵਾਲੇ, ਕਿਸੇ ਖਾਸ ਪਹਿਰਾਵੇ ਵਾਲੇ, ਕਿਸੇ ਖਾਸ ਉਮਰ ਵਾਲੇ ਦੇਹਧਾਰੀ ਦੀ ਲੋੜ ਨਹੀਂ।ਇਕ ਝੂਠੇ ਆਦਮੀ ਨੂੰ ਉਸਦਾ ਗੁਰੂ ਦੱਸਦਾ ਹੈ, ਕਿ ਕੂੜ ਨਿਖੁੱਟ ਜਾਣਾ ਹੈ ਤੇ ਓੜਕ ਸੱਚ ਸਹੀ ਰਹੇਗਾ।ਇਹ ਬਚਨ ਸੁਣਕੇ ਉਹ ਕੂੜ ਤਿਆਗ ਕੇ ਸੱਚ ਦੇ ਮਾਰਗ ਤੇ ਚੱਲਦਾ ਹੈ।ਇਹ ਧਿਆਨ ਰਹੇ ਕਿ ਉਸਦਾ ਕੂੜ ਉਸ ਸੋਹਣੀ ਦਿੱਖ ਵਾਲੇ, ਭਗਵੇਂ ਭੇਖ ਜਾਂ ਕਿਸੇ ਖਾਸ ਤਰ੍ਹਾਂ ਬੰਨ੍ਹੀ ਦਸਤਾਰ ਵਾਲੇ ਨੇ ਨਹੀਂ ਛੁਡਾਇਆ, ਬਲਕਿ ਉਸਦੇ ਬਚਨਾਂ (ਬਾਣੀ ) ਨੇ ਛੁਡਾਇਆ ਹੈ।ਸੋ ਸਿੱਧੇ ਰਾਹ ਲਿਆਉਣ ਵਾਲੀ ਗੁਰੂ ਦੀ ਦੇਹੀ ਨਹੀਂ, ਸਗੋਂ ਗੁਰੂ ਦੀ ਬਾਣੀ ਹੈ।'ਬਾਣੀ ਗੁਰੂ ਗੁਰੂ ਹੈ ਬਾਣੀ' ਦੂਹਰ ਪਾਕੇ ਤਾਕੀਦ ਕੀਤੀ ਹੈ।

ਬਾਬਾ ਰਾਮ ਸਿੰਘ ਨਾਮਧਾਰੀ ਇਹ ਲਿਖਤੀ ਤਾਕੀਦ ਕਰਦੇ ਹਨ ਕਿ:- "ਗੁਰੂਆਂ ਗੁਰੂ ਗ੍ਰੰਥ ਸਾਹਿਬ ਗੁਰੂ ਹੈ, ਸੋ ਸ਼ਬਦ ਗੁਰੂ ਜਿੱਥੇ ਕੋਈ ਮੰਨੂ ਉਧਾ ਉਥੇ ਹੀ ਭਲਾ ਹੋ ਜਾਊਗਾ, ਸਤਿ ਮੰਨਣੀ"।ਪੰ: 17-18

"ਤੁਸੀਂ ਗੁਰੂ ਜੀ ਦੇ ਬਚਨਾਂ ਵੱਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ, ਪ੍ਰਤੱਖ"।ਪੰ:52

"ਹੋਰ ਭਾਈ ਦਸਾਂ ਪਾਤਸ਼ਾਹੀਆਂ ਤੇ ਪਿੱਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀ"।ਪੰ:54 (ਹੁਕਮਨਾਮੇ)

ਤੇਜਾ ਸਿੰਘ ਭਸੌੜ ਮੁਤਾਬਿਕ:- "ਕਈ ਪੁਰਸ਼ ਇਹ ਸ਼ੰਕਾ ਕਰਦੇ ਹਨ ਕਿ 'ਜਦ ਤਾਈਂ ਸਾਨੂੰ ਕੋਈ ਗੁਰਬਾਣੀ ਦਾ ਭਾਵ ਨਾਂ ਦੱਸੇ ਸਾਨੂੰ ਪਤਾ ਨਹੀਂ ਲੱਗਦਾ, ਸੋ ਜੋ ਰਾਹ ਪਾਉਣ ਵਾਲਾ ਹੈ, ਓਹੀ ਗੁਰੂ ਹੈ, ਕਿਉਂਕਿ ਗੁਰੂ ਦੇ ਏਹੀ ਅਰਥ ਹਨ, ਜੋ ਰਾਹ ਦੱਸੇ'।ਇਸ ਸ਼ੰਕੇ ਦੀ ਨਵਿਰਤੀ ਵਾਸਤੇ ਸਪਸ਼ਟ ਕੀਤਾ ਜਾਂਦਾ ਹੈ, ਕਿ ਗੁਰੂ ਕਾਲ ਵੇਲੇ ਭੀ ਤਾਂ ਕਈ ਕੁ ਗੁਰੂ ਘਰ ਦੇ ਪ੍ਰੇਮੀ, ਗੁਣੀ ਗਿਆਨੀ ਜੈਸੇ ਕਿ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ ਆਦਿਕ ਬਾਹਰ ਦੇਸਾਂ ਵਿਚ ਗੁਰਬਾਣੀ ਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਸਨ, ਤਾਂ ਕੀ ਉਸ ਵੇਲੇ ਸਿੱਖਾਂ ਨੇ ਉਕਤ ਗੁਰੂ ਜੀ ਦੇ ਪਿਆਰਿਆਂ ਵਿਚੋਂ ਕਿਸੇ ਨੂੰ ਗੁਰੂ ਦੀ ਪਦਵੀ ਭੀ ਦਿੱਤੀ ਹੈ? ਹਰਗਿਜ਼ ਨਹੀਂ"।

ਹੁਣ ਸਵਾਲ ਪੈਦਾ ਹੁੰਦਾ ਹੈ, ਕਿ ਕਿਹੜਾ ਗੁਰੂ ਹੈ, ਜਿਸਦੀ ਬਾਣੀ ਗੁਰੂ ਹੋ ਸਕਦੀ ਹੈ।ਸ਼ਰੀਰ ਤੋਂ ਬਿਨਾਂ ਅਸੀਂ ਸਾਰੇ ਦੋ ਚੀਜ਼ਾਂ ਲੈਕੇ ਜੰਮਦੇ ਹਾਂ:-1.ਅਨੁਭਵ, 2.ਮਨ ਦੇ ਬੀਜ ਜਾਂ ਸੁਭਾਵਿਕ ਪ੍ਰਵਿਰਤੀਆਂ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ।ਇੰਨ੍ਹਾਂ ਬੀਜਾਂ ਦੇ ਆਸਰੇ ਮਨ ਦਾ ਢਾਂਚਾ ਖੜ੍ਹਾ ਹੋਕੇ ਸਾਡੇ ਜਨਮ ਲੈਣ ਦੀ ਮਾਨਸਿਕ ਦੁਨੀਆਂ ਕਾਇਮ ਹੋ ਜਾਂਦੀ ਹੈ ਤੇ ਇਹ ਕੰਮ ਸਭ ਕਿਸੇ ਵਿਚ ਹੈ।ਬਾਕੀ ਜੋ ਅਨੁਭਵ ਹੈ, ਇਹ ਰੱਬੀ ਦਾਤ ਹੈ।ਮਨ ਨੂੰ ਤਾਂ ਯਤਨਾਂ ਨਾਲ ਉਚਾ ਕਰ ਸਕਦੇ ਹਾਂ, ਪਰ ਅਨੁਭਵ ਨੂੰ ਨਹੀਂ।ਸਮੇਂ ਸਮੇਂ ਪ੍ਰਮੇਸ਼ਰ ਪੂਰਣ ਅਨੁਭਵੀ ਸ਼ਖਸੀਹਤਾਂ ਨੂੰ ਭੇਜਦਾ ਹੈ, ਜਿੰਨ੍ਹਾਂ ਦੀ ਗੰਮਤਾ (ਪਹੁੰਚ) ਅਗੰਮ ਤੱਕ ਹੁੰਦੀ ਹੈ।

ਸੋ ਇਹੋ ਜਿਹੇ ਅਨੁਭਵੀ ਮਹਾਂਪੁਰਖ ਗੁਰੂ ਹੁੰਦੇ ਹਨ।ਸਤਿਗੁਰੂ ਨਾਨਕ ਸਾਹਿਬ ਤੇ ਬਾਕੀ ਨੌਂ ਸਰੂਪ ਗੁਰੂ ਸਨ, ਕਿਉਂਕਿ ਉਨ੍ਹਾਂ ਵਿਚ 'ਜਿਨ ਮਾਣਸ ਤੇ ਦੇਵਤੇ ਕੀਏ' ਦੀ ਸ਼ਕਤੀ ਸੀ।ਅਸੀਂ ਵੀ ਉਨ੍ਹਾਂ ਦੇ ਦੱਸੇ ਰਾਹ ਤੇ ਚੱਲ ਕੇ ਭਵਸਾਗਰ ਵਿਚ ਤਰ ਸਕਦੇ ਹਾਂ।ਗੁਰੂ ਨਾਨਕ ਜੀ ਨੂੰ ਅਸੀਂ ਗੁਰੂ ਇਸ ਕਰਕੇ ਨਹੀਂ ਮੰਨਦੇ, ਕਿ ਉਹ ਕਿਸੇ ਖਾਸ ਕੁਲ ਵਿਚ ਜਾਂ ਕਿਸੇ ਖਾਸ ਜਗ੍ਹਾ ਪੈਦਾ ਹੋਏ ਸੀ, ਸਗੋਂ ਅਸੀਂ ਉਨ੍ਹਾਂ ਦੀਆਂ ਰਾਹ ਪਾਊ ਸੇਧਾਂ ਕਰਕੇ ਗੁਰੂ ਮੰਨਦੇ ਹਾਂ, ਤੇ ਉਹ ਚੀਜ਼ ਹੈ, ਉਨ੍ਹਾਂ ਦੀ ਬਾਣੀ।ਸੋ ਬਾਣੀ ਅਜੇ ਭੀ ਸਾਡੇ ਕੋਲ ਹੈ, ਤੇ ਰਹੇਗੀ ਭੀ।ਵਿਚਾਰ ਇਥੇ ਹੀ ਪਹੁੰਚਦੀ ਹੈ ਕਿ 'ਗੁਰੂ-ਗ੍ਰੰਥ, ਗੁਰੂ' ਹੈ।

ਗਿ.ਗੁਰਦਿੱਤ ਸਿੰਘ ਜੀ ਮੁਤਾਬਿਕ- ਸਿੱਖ ਵਿਦਵਾਨਾਂ ਜਾਂ ਬੁੱਧੀ-ਜੀਵੀਆਂ ਦੀਆਂ ਹੁਣ ਤੱਕ ਤਿੰਨ ਕਿਸਮ ਦੀਆਂ ਪੀੜ੍ਹੀਆਂ ਸਾਹਮਣੇ ਆਈਆਂ ਹਨ।ਪਹਿਲੀ ਪ੍ਰੰਪਰਾਵਾਦੀਆਂ ਦੀ ਹੈ, ਜਿਸ ਵਿਚ ਗੁਰਮਤਿ ਨੂੰ ਵੇਦਾਂਤ ਸਿੱਧ ਕਰਨ ਵਾਲਿਆਂ ਤੇ ਸਨਾਤਨੀ ਜਾਂ ਪੌਰਾਣਿਕ ਰੰਗ ਚੜ੍ਹਿਆ ਹੋਇਆ ਹੈ।ਦੂਜੇ ਨੰਬਰ ਦੀ ਪੀੜ੍ਹੀ ਤੇ ਸਿੰਘ ਸਭਾ ਵਾਲੇ ਹਨ, ਜੋ ਗੁਰਬਾਣੀ ਨੂੰ ਵਿਲੱਖਣ ਤੇ ਗੁਰਮਤਿ ਦੀ ਮਹੱਤਤਾ ਦ੍ਰਿੜਾਉਣ ਵਾਲੀ ਸੀ।ਤੀਜੇ ਨੰਬਰ ਤੇ ਪੱਛਮੀ ਪ੍ਰਭਾਵ ਗ੍ਰਹਿਣ ਕਰ ਚੁੱਕੇ ਵਿਦਵਾਨਾਂ ਦੀ ਹੈ, ਜਿਸ ਵਿਚ ਪਹਿਲੀ ਬਿਰਤੀ ਦੇ ਸੱਜਣ ਤਾਂ ਗੁਰਮਤਿ ਨੂੰ ਗੁਰੂ-ਮੱਤ ਦੀ ਐਨਕ ਨਾਲ ਵੇਖਣ ਵਾਲੇ ਸਨ, ਪਰ ਪਿੱਛੋਂ ਜਾਕੇ ਜੋ ਕੱਚ-ਘਰੜ ਵਿਦਵਾਨ ਪੱਲੇ ਪਏ, ਜਿੰਨ੍ਹਾਂ ਦੇ ਅੱਡੇ ਕਾਲਜ ਤੇ ਯੂਨੀਵਰਸਿਟੀਆਂ ਬਣੀਆਂ, ਇੰਨ੍ਹਾਂ ਲੰਕਾ ਦੀ ਥਾਂ ਬੇ-ਲੰਕਾ ਜਾਕੇ ਡਿੱਗੇ, ਬੁੱਧੀ ਜੀਵੀਆਂ ਨੇ, ਸਮਾਜਵਾਦੀ ਪਦਾਰਥਕ ਕਸਵੱਟੀ ਨਾਲ ਰੂਹਾਨੀ ਬਾਣੀ ਦੇ ਅਨੁਭਵ ਪਰਖਣੇ ਆਰੰਭੇ ਹੋਏ ਹਨ।

ਇਸ ਤੀਜੀ ਪੀੜ੍ਹੀ ਦੇ ਵਿਦਵਾਨਾਂ ਨੇ ਪੱਛਮੀ ਵਿਦਿਆ ਦੇ ਢੰਗ ਭਾਰਤ ਵਿਚ ਆਉਣ ਕਾਰਨ ਉਥੋਂ ਦੇ ਆਲੋਚਕਾਂ ਜਾਂ ਕ੍ਰਿਟਕਾਂ ਦੇ 'ਕ੍ਰਿਟੀਸਿਜ਼ਮ' ਦੇ ਪਹਿਲੋ ਪਹਿਲ ਦੇ ਗੁਰ ਪੜ੍ਹੇ ਅਤੇ ਉਨ੍ਹਾਂ ਮੁਤਾਬਿਕ ਹੀ ਕਿੱਸਾਕਾਰ ਕਵੀਆਂ ਦੀ ਕਵਿਤਾ ਵਾਂਗ ਗੁਰੂ-

ਬਾਣੀ ਉਤੇ ਉਹੋ ਮਾਪ-ਦੰਡ ਪ੍ਰਣਾਲੀ ਲਾਗੂ ਕਰਨਾ ਵੀ ਆਰੰਭ ਦਿੱਤਾ।ਇਸ ਕਾਰਜ ਖੇਤਰ ਵਿਚ ਓਦੋਂ ਹੋਰ ਖੁੱਲ-ਖੇਡਣ ਦੀ ਛੁੱਟੀ ਮਿਲੀ, ਜਦੋਂ ਪੰਜਾਬੀ ਦੇ ਕੋਰਸਾਂ ਵਿਚ ਹੋਰ ਕਵੀਆਂ ਦੀਆਂ ਰਚਨਾਵਾਂ ਹੀਰ ਵਾਰਸ ਜਾਂ ਹੀਰ ਦਮੋਦਰ ਤੇ ਸੱਸੀ ਹਾਸ਼ਮ ਵਾਂਗ ਕਵਿਤਾ ਦੇ ਤੌਰ ਤੇ ਗੁਰਬਾਣੀ ਨੂੰ ਵੀ ਅਖੌਤੀ ਸਾਹਿਤਕ ਢੰਗ ਨਾਲ ਕਲਾਸਾਂ ਵਿਚ ਪੜਾਉਣਾ ਸ਼ੁਰੂ ਹੋਇਆ।ਹਾਲਾਂ ਕਿ ਗੁਰਬਾਣੀ ਨਿਰੋਲ ਅਧਿਆਤਮਿਕ ਵਸਤੂ ਸੀ, ਜਿਸ ਵਿਚ ਸਦ-ਗੁਣਾਂ ਦੀ ਪ੍ਰੇਰਨਾਂ, ਆਤਮਿਕ ਉਡਾਰੀਆਂ, ਰਹੱਸ ਤੇ ਰਸ ਜਾਂ ਸਦਾਚਾਰਕ ਜੀਵਨ ਸਿੱਖਿਆ ਤੇ ਜੀਵਨ ਪ੍ਰਤੀ ਦਾਰਸ਼ਨਿਕ ਅਗਵਾਈ ਵਿਚਾਰਨੀ ਤਾਂ ਪੜ੍ਹਨ ਪੜ੍ਹਾਉਣ ਵਾਲੀ ਗੱਲ ਕਹੀ ਜਾ ਸਕਦੀ ਸੀ, ਪਰ ਇਹ ਮਸਲੇ ਤਾਂ ਸਾਡੇ ਅਧਿਆਪਕਾਂ ਤੇ ਪਾਠਸ਼ਾਲਾਵਾਂ ਲਈ ਅਜਨਬੀ ਹੋਏ।ਉਨ੍ਹਾਂ ਫੀਤੇ ਲੈਕੇ ਮਨ-ਇੱਛਤ ਨਾਪ-ਤੋਲ ਦਾ ਕੰਮ ਆਰੰਭ ਕੇ ਏਸੇ ਗੱਲ ਉਤੇ ਹੀ ਸਾਰਾ ਜ਼ੋਰ ਲਗਾ ਦਿੱਤਾ, ਕਿ ਇਸ ਕਵਿਤਾ ਦਾ ਇਹ ਰੂਪ ਫਲਾਣੇ ਕਵੀ ਜਿਹਾ ਹੈ, ਤੁਕ ਇਸ ਭਾਂਤ ਦੀ ਹੈ ਤੇ ਬਿੰਬ ਇਸ ਤਰ੍ਹਾਂ ਦਾ ਹੈ।ਕੁਝ ਹੋਰ ਗੱਲਾਂ ਅੱਜ ਕੱਲ ਦੇ ਬੁੱਧੀਜੀਵੀਏ, ਅਭੀਵਿਯਕਤੀ ਜਾਂ ਅਭੀਵਿਅੰਜਨਾਂ ਦੀਆਂ ਕਰਦੇ ਹਨ, ਜਿੰਨ੍ਹਾਂ ਨੂੰ ਉਹ ਹੀ ਜਾਨਣ ਕਿ ਇਹ ਕੀ ਚੀਜ਼ਾਂ ਹੁੰਦੀਆਂ ਹਨ।ਏਨ੍ਹਾਂ ਬੁੱਧੀਜੀਵੀਆਂ ਨੂੰ ਕੌਣ ਸਮਝਾਵੇ, ਕਿ ਗੁਰੂ ਬਾਣੀ ਦੀ ਵਿਲੱਖਣਤਾ ਉਸਦੀ ਦਿਗਦ੍ਰਸ਼ਨਤਾ ਵਿਚ, ਉਸਦੇ ਜਲਦੇ ਬਲਦੇ ਸੰਸਾਰ ਉਤੇ ਸ਼ਾਂਤਿ-ਰਸ ਨੂੰ ਛਿੜਕਣ ਦੀ ਸਮਰੱਥਾ ਕਰਕੇ, ਸਾਤਵਿਕ ਸੰਤੋਖੀ ਨੀਤੀ-ਯੁਕਤ ਜੀਵਨ ਜਿਉਣ ਲਈ ਪ੍ਰੇਰਨਾਂ ਦੇਣ ਵਾਲੀ ਹੋਣ ਕਰਕੇ ਹੈ।ਏਸ ਬਲਕਾਰੀ ਨਾਦ ਵਿਚ ਉਹ ਸ਼ਕਤੀ ਕਿਹੜੀ ਹੈ, ਜਿਸ ਨੇ ਇਕ ਕੌਮ ਖੜ੍ਹੀ ਕਰਕੇ ਜਰਵਾਣਿਆਂ ਦੇ ਮੂੰਹ ਮੋੜ ਦਿੱਤੇ?ਇਕ ਅਜਿਹੇ ਧਰਮ ਨੂੰ ਇੰਜ ਉਸਾਰਿਆ ਜਿਸਦੇ ਪ੍ਰਭਾਵ ਬੌਧਿਕ ਮੰਡਲਾਂ ਤੋਂ ਲੈਕੇ ਸੰਸਾਰ ਦੇ ਕਿਰਤ-ਵਿਰਤ ਦੇ ਖੇਤਰ ਵਿਚ ਮੰਨੇ ਜਾ ਰਹੇ ਹਨ।ਇਹ ਖੋਜਾਂ ਤੇ ਪੜਚੋਲਾਂ ਸਾਡੇ ਬੁੱਧੀਜੀਵੀਆਂ ਦੇ ਖੇਤਰ ਦਾ ਵਿਸ਼ਾ ਨਹੀਂ, ਉਹ ਤਾਂ ਤੁਕਾਂ ਦੀ ਗਿਣਤੀ ਮਿਣਤੀ ਵਿਚ ਹੀ ਲੱਗੇ ਹੋਏ ਹਨ, ਜਾਂ ਵੱਧ ਤੋਂ ਵੱਧ ਇਸਦੇ ਰੂਪਕ ਪੱਖ ਤੱਕ ਪੁੱਜਦੇ ਹਨ, ਜਿਸ ਵਿਚ ਕਾਵਿ-ਸ਼ੈਲੀ, ਅਲੰਕਾਰ ਆਦਿ ਵਸਤੂਆਂ ਹਨ।ਉਹ ਇਸੇ ਦਿਸ਼ਾ ਵਿਚ ਹੀ ਆਪਣੀ ਵਿਦਵਤਾ ਜਾਂ ਸਿਆਣਪ ਦੇ ਜੌਹਰ ਦਿਖਾ ਰਹੇ ਹਨ।

ਗੁਰੂ-ਬਾਣੀ ਸਾਹਿਤ ਦੇ ਲਲਿਤ ਗੁਣਾ ਦੀ ਪ੍ਰਦਰਸ਼ਨੀ ਲਈ ਨਹੀਂ ਰਚੀ ਗਈ ਸੀ।ਸਾਹਿਤਕ ਤੇ ਕਾਵਿਕ ਗੁਣ ਉਸ ਵਿਚੋਂ ਸੁਤੇ ਸਿੱਧ ਬੇਸ਼ੱਕ ਝਰਦੇ ਹਨ; ਪਰ ਇਹ ਏਸ ਰੁਹਾਨੀ ਗੰਮਤਾ ਭਰੀ ਬਾਣੀ ਨੂੰ ਮਾਪਣ ਤੋਲਣ ਦੀ ਕਸਵੱਟੀ ਨਹੀਂ ਬਣਾਏ ਜਾ ਸਕਦੇ।ਕੇਵਲ ਕਾਵਿਕ ਸੁੰਦ੍ਰਤਾ ਨੂੰ ਮਹਾਰਾਸ਼ਟਰ ਦੇ ਸੰਤ ਗਿਆਨ ਦੇਵ ਨੇ ਬਜ਼ਾਰੂ ਔਰਤ ਦੇ ਸਿੰਗਾਰ ਨਾਲ ਉਪਮਾਂ ਦਿੱਤੀ ਹੈ, ਜਦੋਂ ਕਿ ਉਸਨੇ ਭਗਤੀ ਭਾਵ ਗੁੰਧੀ ਬਾਣੀ ਨੂੰ ਪਤੀਬਰਤਾ ਇਸਤ੍ਰੀ ਦੇ ਸਤ ਦੀ ਸੁੰਦ੍ਰਤਾ ਨਾਲ ਸਨਮਾਨਿਆਂ ਹੈ।

ਜੇਯ ਸਾਹਿਤਯ ਆਣਿ ਸ਼ਾਂਤਿ ਹੇ ਰੇਖਾ ਦਿਸੇ ਬੋਲਤੀ।ਜੈਸੀ ਲਾਵਯਣ ਗੁਣ ਕੁਲਵਤੀ ਆਣੀ ਪਤੀ ਵਾਰਤਾ।

ਭਾਵ:-ਸ਼ਾਂਤ-ਰਸ ਹੀ ਕਾਵਿ-ਰਸ ਹੈ, ਜਿਵੇਂ ਪਤੀਵਰਤ ਤੋਂ ਬਿਨਾਂ ਪਤੀਵਰਤਾ ਦੀ ਕਲਪਨਾਂ ਨਹੀਂ ਕੀਤੀ ਜਾ ਸਕਦੀ, ਇਸ ਤਰ੍ਹਾਂ ਸ਼ਾਂਤਿ-ਰਸ ਬਿਨਾਂ ਕਾਵਯ ਨਹੀਂ ਹੋ ਸਕਦਾ।

ਕਈ ਲੇਖਕਾਂ ਨੇ ਗੁਰੂ ਸਾਹਿਬਾਨ ਦੀਆਂ ਕੁੱਝ ਜਾਂ ਬਹੁਤੀਆਂ ਰਚਨਾਵਾਂ ਬਾਰੇ, ਛੋਟੇ ਵੱਡੇ 'ਭਾਸ਼ਨ' ਜਾਂ 'ਟੀਕੇ' ਲਿਖ ਕੇ, ਉਨ੍ਹਾਂ ਦੀਆਂ ਰਚਨਾਵਾਂ ਦੇ ਜੋ 'ਸੋਹਜਵਾਦ' ਦਰਸਾਉਣ ਦੀਆਂ ਆਪਣੇ ਜਾਣੇ ਬੌਧਿਕ ਉਡਾਰੀਆਂ ਲਗਾਈਆਂ ਹਨ, ਜਿੰਨ੍ਹਾਂ ਨੇ 'ਸੋਹਜਵਾਦ' ਦੀ ਥਾਂ 'ਕੋਹਜਵਾਦ' ਦਾ ਕਾਰਜ ਹੀ ਕੀਤਾ ਹੈ।ਗੁਰੂ-ਬਾਣੀ ਨੂੰ ਸਾਧਾਰਨ ਬਾਜ਼ਾਰੂ ਤੀਵੀਂ ਵਾਂਗ ਬਾਜ਼ਾਰੂ ਕਿੱਸਿਆਂ ਜਿਹੀ ਕਵਿਤਾ ਮੰਨ ਕੇ, ਗੁਰੂ ਨਾਨਕ ਜੀ ਨੂੰ 'ਵਾਰ-ਕਾਰ', 'ਸਲੋਕ-ਕਾਰ' ਆਦਿ ਨਾਮ ਤੇ ਉਪਾਧੀਆਂ ਦੇਕੇ ਬਜ਼ਾਰੂ ਕਵੀਆਂ ਵਾਂਗ ਉਨ੍ਹਾਂ ਦੀ ਰਚਨਾਂ ਦੇ ਬਾਹਰਮੁਖੀ ਜੁੱਸੇ ਨੂੰ ਦੇਖਣ ਪਾਖਣ ਵਿਚ ਹੀ ਆਪਣੀ ਵਿਦਿਆ ਨੂੰ ਲਗਾ ਦਿੱਤਾ ਹੈ; ਇਹ ਕਲਾਸਾਂ ਦੀ ਪੜ੍ਹਾਈ ਦਾ 'ਧੰਦਾ' ਕਰਨ ਵਾਲੇ ਅਤੇ ਹੋਰ 'ਆਧੁਨਿਕ ਆਲੋਚਕ' ਬਾਣੀ ਦੇ ਵਿਚ ਆਏ ਭਾਵਾਂ ਦੀ ਗਿਰੀ ਨੂੰ ਤਜ, ਉਸਦੇ ਬਾਹਰੀ ਕਾਵਿ-ਰੂਪ ਦੇ ਸਤਈ ਹਾਵ-ਭਾਵ ਦੇਖਣ ਵਿਚ ਉਲਝ ਕੇ ਸਿਰ ਖਪਾ ਰਹੇ ਹਨ।

ਪੰਡਤ ਤਾਰਾ ਸਿੰਘ ਜੀ ਦੇ ਆਦਿ ਕੋਸ਼ ਤੋਂ ਲੈਕੇ ਭਗਤ ਬਾਣੀ ਬਾਰੇ ਜੋ ਵਿਆਖਿਆ ਤੇ ਮਣੌਤਾਂ ਚਲਾਈਆਂ ਅਤੇ ਘੜੀਆਂ ਗਈਆਂ ਹਨ, ਭਸੌੜ ਵਾਲਿਆਂ ਦੀ 'ਭਗਤ-ਬਾਣੀ-ਕੱਢੂ' ਮੁਹਿੰਮ ਤੱਕ, ਸਭ 'ਇਕ ਦੂ ਇਕ ਚੜ੍ਹੰਦੀਆਂ' ਝਾਕੀਆਂ ਪੇਸ਼ ਕਰਦੀਆਂ ਹਨ।ਪੁਰਾਤਨ ਪੰਡਤ ਇਸ ਨੂੰ 'ਪੰਚਮ ਵੇਦ' ਸਿੱਧ ਕਰਦੇ ਰਹੇ ਤੇ ਸੰਪਰਦਾਈ ਗਿਆਨੀ ਨਿਰਾ 'ਵੇਦਾਂਤ'। ਸ੍ਰੀ ਗੁਰੂ ਗ੍ਰੰਥ ਸਾਹਿਬ ਨਾ ਵੇਦ ਹੈ, ਨਾ ਵੇਦਾਂਤ।ਇਹ ਤਾਂ ਅਦਭੁੱਤ ਕਾਵਿ ਰੰਗ ਵਿਚ ਟਹਿਕਦਾ 'ਅੰਜਨ ਮਾਹਿ ਨਿਰੰਜਨ' ਰਹਿਣ ਦਾ ਕਰਮਯੋਗੀ ਸਿਧਾਂਤ ਹੈ, ਜੋ ਲੋਕ ਪਰਲੋਕ ਦੋਹਾਂ ਨੂੰ ਸੰਵਾਰਨ ਦਾ ਜ਼ਿੰਮਾਂ ਲੈਂਦਾ ਹੈ।ਸੂਫੀ ਮੱਤ ਤੇ ਵੇਦਾਂਤ ਦੇ ਰਹੱਸਵਾਦ ਨਾਲੋਂ, ਗੁਰਮਤਿ ਦਾ ਰਹੱਸਵਾਦ ਇਸ ਕਰਕੇ ਹੀ ਵਿਲੱਖਣਤਾ ਰੱਖਦਾ ਹੈ, ਕਿ ਇਸ ਵਿਚ ਸੂਫੀ ਮੱਤ ਵਾਲੀ ਸ਼ੋਖੀ ਨਹੀਂ, ਮਿਹਣੇ ਨਿਹੋਰੇ ਨਹੀਂ; ਤੇ ਨਾਂ ਹੀ ਵੇਦਾਂਤਵਾਦ ਦੀ ਵੈਰਾਗ-ਗਿਆਨ ਦੀ ਸੁੱਕੀ ਠੰਢੀ ਯਖਨੀ ਹੈ, ਇਹ ਤਾਂ ਖੇੜੇ ਦਾ ਭੰਡਾਰ ਹੈ।ਇਹ ਤਾਂ ਉਹ ਗਿਆਨ-ਪ੍ਰਕਾਸ਼ ਹੈ, ਜੋ ਪਹਿਲੀ ਵੇਰ ਰਸ-ਭਿੰਨੀ ਮਧੁਰ ਧੁਨ ਵਿਚ ਗੂੰਜਿਆ ਅਤੇ ਜੋ 'ਹਸੰਦਿਆਂ, ਖੇਲੰਦਿਆਂ, ਖਾਵੰਦਿਆਂ, ਪੈਨੰਦਿਆਂ' ਜੀਵਨ ਨੂੰ ਪੂਰੇ ਸੋਹਜ ਸਵਾਦ ਨਾਲ ਜਿਉਂਦਿਆਂ ਹੋਇਆਂ ਮਾਨਣ ਲਈ, ਸਾਰੀ ਮਨੁੱਖਤਾ ਦੇ ਕਲਿਆਣ ਹਿੱਤ 'ਗੁਰ ਕਾ ਸ਼ਬਦ ਉਜਾਰੋ ਦੀਪਾ' ਗੁਰੂ ਜੀ ਨੇ ਆਪਣੀ ਰੂਹ ਦਾ ਤੇਲ ਪਾਕੇ ਚਾਨਣ ਮੁਨਾਰੇ ਦੇ ਰੂਪ ਵਿਚ ਕਾਇਮ ਕਰ ਦਿੱਤਾ ਹੈ।

ਕੁਝ ਮਹਾਨ ਟੀਕਾਕਾਰਾਂ ਨੇ ਭਗਤ ਬਾਣੀ ਦੀ ਵਿਆਖਿਆ ਇਕ ਕਲਪਨਾਂ ਅਧਾਰਤ ਨਵੇਂ ਦ੍ਰਿਸ਼ਟੀਕੋਨ ਤੋਂ ਕੀਤੀ ਹੈ।ਉਨ੍ਹਾਂ ਨੇ ਗੁਰਬਾਣੀ ਤੇ ਭਗਤਾਂ ਦੇ ਸ਼ਬਦਾਂ ਦੇ ਰੂਪਕ ਪੱਖਾਂ ਦਾ ਮਿਲਾਨ ਕਰਕੇ ਸਿੱਧ ਕੀਤਾ ਹੈ, ਕਿ ਫਲਾਣੇ ਭਗਤ ਦੀ ਬਾਣੀ ਦਾ ਪ੍ਰਭਾਵ ਗੁਰੂ ਨਾਨਕ ਉਤੇ ਫਲਾਂ ਥਾਂ ਮਿਲਣ ਵੇਲੇ ਪਿਆ ਹੋਵੇਗਾ ਤੇ ਫਲਾਂ ਭਗਤ ਦਾ ਫਲਾਂ ਵੇਲੇ ਮੇਲ ਤੋਂ ਪਿਆ **ਕਿਹਾ ਜਾ ਸਕਦਾ** ਹੈ।ਪ੍ਰਮਾਣ ਲਈ ਇਕੋ ਭਾਵ ਤੇ ਸਾਂਝੀ ਸ਼ਬਦਾਵਲੀ ਵਾਲੀਆਂ ਤੁਕਾਂ ਤੇ ਸ਼ਬਦ ਦਿਖਾਏ ਹਨ।ਜੇ ਅਜਿਹੇ ਸੱਜਣ ਦੂਜੀ ਦ੍ਰਿਸ਼ਟੀ ਤੋਂ ਵਾਚਦੇ, ਜਾਂ ਨਿਰਪੱਖ ਤੌਰ ਤੇ ਸੋਚਦੇ ਤਾਂ ਗੱਲ ਇਸ ਤੋਂ ਉਲਟ ਸਿੱਧ ਹੁੰਦੀ।ਭਗਤ-ਬਾਣੀ ਤੇ ਗੁਰੂ-ਬਾਣੀ ਵਿਚ ਰੂਪਕ ਸਾਂਝਾਂ ਹਨ,

ਉਨ੍ਹਾਂ ਨੂੰ ਮੇਲ ਕੇ ਦੇਖਿਆ ਜਾਵੇ ਤਾਂ ਭਗਤਾਂ ਦਾ ਗੁਰੂ ਜੀ ਉਪਰ ਨਹੀਂ; ਗੁਰੂ ਨਾਨਕ ਜੀ ਦਾ ਭਗਤਾਂ ਉਪਰ ਪ੍ਰਭਾਵ ਪਿਆ ਸਪਸ਼ਟ ਦਿਸਦਾ ਹੈ।

ਸੱਚ ਰੂਪੀ ਚੰਦਨ ਦੁਆਲੇ ਝੂਠੀਆਂ ਜੜ੍ਹੀਆਂ ਬੂਟੀਆਂ ਵੀ ਉਗ ਹੀ ਪੈਂਦੀਆਂ ਹਨ, ਤੇ ਇਸੇ ਤਰ੍ਹਾਂ ਅਸਲੀ ਦੇ ਨਾਲ ਨਕਲੀ ਸਿੱਕਾ ਭੀ ਚੱਲ ਪੈਂਦਾ ਹੈ।ਇਸ ਵਿਚ ਵੀ ਕੋਈ ਝੂਠ ਨਹੀਂ, ਕਿ ਆਮ ਸਿੱਖ ਪਰੰਪਰਾਵਾਂ ਨੂੰ ਵੀ ਇਸ ਦਸ਼ਾ-ਦੋਸ਼ ਤੋਂ ਮੁਕਤ ਜਾਂ ਨਿਰਲੇਪ ਨਹੀਂ ਮੰਨਿਆਂ ਜਾ ਸਕਦਾ।ਸਨਾਤਨੀ ਧਰਮ ਸਾਡੇ ਦੇਸ਼ ਵਿਚ ਪ੍ਰਬਲ ਹੋਣ ਕਰਕੇ ਸਿੱਖ-ਵਿਚਾਰਕ, ਕਥਾ-ਵਾਚਕ, ਵਿਖਿਯਾਨ-ਅਚਾਰਯ ਖਾਸ ਕਰਕੇ ਸਾਧੂ ਵੇਸਧਾਰੀ ਵਿਦਵਾਨ ਭਗਤੀ ਮੱਤ ਦੇ ਅਵਤਾਰਵਾਦ, ਤੇ ਖਾਸ ਕਰਕੇ ਪੌਰਾਣਿਕ ਕਥਾਵਾਂ ਦਾ ਹੜ੍ਹ ਵਗਾ ਦਿੰਦੇ ਹਨ।ਅਫਸੋਸ ਨਾਲ ਕਹਿਣਾ ਪੈਂਦਾ ਹੈ, ਕਿ ਸਾਡੇ ਵਿਚੋਂ ਬਹੁਤਾਤ ਵਿਚ ਸਾਕਤ ਤੇ ਤਾਂਤਰਿਕ ਮੱਤ ਦੇ ਕਰਮ-ਕਾਂਡੀ ਪ੍ਰਭਾਵਾਂ ਤੋਂ ਭੀ ਨਹੀਂ ਬਚ ਸਕੇ।ਕਈ ਕਿਸਮ ਦੇ ਆਡੰਬਰ ਰਚਾਕੇ ਵਿਧੀਆਂ ਨਾਲ ਕੀਤੇ ਸਪਤਾਹਿਕ ਪਾਠ ਜਾਂ ਸੰਪਟ ਪਾਠ ਏਸ ਦਾ ਪ੍ਰਤੱਖ ਸਬੂਤ ਹਨ, ਜਿਨ੍ਹਾਂ ਦਾ ਕੋਈ ਖਾਸ ਨਿਸ਼ਾਨਾ ਦੁਨਿਆਵੀ ਸੁੱਖ ਸਾਧਨ ਹੁੰਦਾ ਹੈ।'ਸ਼ਰਧਾ ਪੂਰਨ ਗ੍ਰੰਥ' ਜਾਂ 'ਜਪੁ ਮਹਾਤਮ' ਜਿੰਨ੍ਹਾਂ ਵਿਚ ਕੁੱਝ ਖਾਸ ਸ਼ਬਦਾਂ ਨੂੰ ਅਜੀਬੋ ਗਰੀਬ ਢੰਗ, ਯੁਕਤੀਆਂ, ਵਿਧੀਆਂ ਤੇ ਪ੍ਰਾਪਤੀਆਂ ਬਾਰੇ ਦੱਸਿਆ ਮਿਲਦਾ ਹੈ।ਇਸਤ੍ਰੀ ਜਾਂ ਸੰਤਾਨ ਸੁੱਖ, ਦੁਸ਼ਮਨ ਤੇ ਫਤਹਿ, ਬੀਮਾਰੀਆਂ ਤੋਂ ਛੁਟਕਾਰਾ, ਲੰਮੇਰੀ ਉਮਰ, ਜਾਂ ਕਈ ਹੋਰ ਸ਼ਗਨ ਉਪਸ਼ਗਨ ਦੇ ਤੌਰ ਤੇ ਕੀਤੇ ਜਾਂਦੇ ਪਾਠ, ਕਿਸੇ ਨਾਮੀ ਸਿੱਖ ਦੇ ਨਾਮ ਹੇਠ ਲਿਖ ਕੇ ਪ੍ਰਚੱਲਤ ਕੀਤੇ ਜਾਂਦੇ ਗ੍ਰੰਥਾਂ ਨਾਲ, ਡੇਰਿਆਂ ਦੇ ਤੋਸ਼ੇਖਾਨੇ ਭਰੇ ਹੋਏ ਮਿਲਦੇ ਹਨ। ਤਾਂਤਰਿਕ ਮੱਤ ਵਾਲੇ ਆਡੰਬਰ ਤੇ ਸਾਕਤ ਮੱਤ ਵਾਲੀ ਕੁਰਬਾਨੀ (ਬਲੀ) ਦਾ ਪ੍ਰਭਾਵ ਕੋਈ ਲੁਕੀ ਛਿਪੀ ਗੱਲ ਨਹੀਂ।ਅੱਜ ਵੀ ਗੁਰਬਾਣੀ ਦੀ ਸ਼ਕਤੀ ਨੂੰ ਸਮਝਣਾ ਤੇ ਅਨੁਭਵ ਕਰਨਾ ਜ਼ਰੂਰੀ ਹੈ, ਤਾਂ ਹੀ ਅਸੀਂ ਦੰਭੀ ਚਾਲਾਂ ਤੋਂ ਬਚ ਸਕਦੇ ਹਾਂ।

ਗੁਰੂ ਗ੍ਰੰਥ ਸਾਹਿਬ ਇਸ਼ਟ ਦੀ ਏਕਤਾ, ਗੁਰੂ ਦੀ ਏਕਤਾ, ਮਨੁੱਖ ਜ਼ਾਤੀ ਦੀ ਏਕਤਾ ਤੇ ਧਰਮਾਂ ਦੀ ਏਕਤਾ ਦ੍ਰਿੜਾਉਣ ਵਾਲਾ ਹੋਣ ਕਰਕੇ ਇਸ ਵਿਚ 'ਅਦ੍ਵੈਤਵਾਦ' ਤੇ 'ਏਕਤਾ' ਦੀ ਭਾਵਨਾ ਸਪਸ਼ਟ ਝਲਕਦੀ ਹੈ।ਪਿਆਰਾ ਸਿੰਘ ਪਦਮ ਜੀ ਲਿਖਦੇ ਹਨ ਕਿ:- ਭਗਤੀ ਲਹਿਰ ਦੇ ਜ਼ਮਾਨੇ ਅਨੇਕ ਮੱਤਾਂ ਦਾ ਉਤਰਾ ਚੜ੍ਹਾ ਚੱਲ ਰਿਹਾ ਸੀ, ਇਸ ਕਰਕੇ ਸਨਾਤਨ ਹਿੰਦੂ ਮੱਤ, ਜੋਗ ਮੱਤ, ਇਸਲਾਮ ਤੋਂ ਇਲਾਵਾ ਉਦਾਸੀ, ਸੰਨਿਆਸੀ, ਵੈਰਾਗੀ, ਅਵਧੂਤ, ਅਤੀਤ, ਤਪਸੀ, ਮੁੰਡੀਆ, ਨਾਦੀ, ਬੇਦੀ, ਏਕ ਸ਼ਬਦੀ, ਪੰਜ ਸ਼ਬਦੀ, ਬਿਬੇਕੀ, ਮੋਨੀ, ਭਗਾਉਤੀ, ਰਾਮਦਾਸੀ, ਅਪਰਸ, ਜਤੀ, ਜੋਗੀ, ਜੰਗਮ, ਜੈਨੀ, ਸਰੇਵੜੇ, ਦਿਗੰਬਰ, ਵੈਸ਼ਨਵ, ਸ਼ਾਕਤ ਆਦਿ ਨਿੱਕੀਆਂ ਨਿੱਕੀਆਂ ਸੰਪ੍ਰਦਾਵਾਂ ਦੇ ਅਨੇਕਾਂ ਧਾਰਮਿਕ ਸੰਕੇਤ ਸੰਤ-ਬਾਣੀ ਤੇ ਗੁਰੂ-ਬਾਣੀ ਵਿਚ ਚਰਚਾ ਦਾ ਵਿਸ਼ਾ ਬਣਦੇ ਸਨ।ਇਸ ਤੋਂ ਬਿਨਾਂ ਵੇਦ ਕਤੇਬ, ਪੁਰਾਨ ਕੁਰਾਨ, ਸਿਫਤ ਸਲਾਹ, ਰਾਮ ਰਹੀਮ, ਨਿਰਗੁਣ ਸਰਗੁਣ, ਨਾਮ ਦੇਵ, ਗਿਆਨੀ ਧਿਆਨੀ, ਸੰਜੋਗ ਵਿਜੋਗ, ਗੁਰਮਤਿ ਮਨਮਤਿ, ਗੁਰਮੁਖਿ ਮਨਮੁਖਿ, ਪ੍ਰਵਿਰਤੀ ਨਿਵਿਰਤੀ ਆਦਿ ਦੇ ਜੋਟੇ ਤੇ ਅਨੇਕ ਭਾਸ਼ਾਵਾਂ ਦੀ ਵੰਨਗੀ ਆਦਿ ਗ੍ਰੰਥ ਦਾ ਸਿੰਗਾਰ ਹੈ, ਜੋ ਕਿ ਮੱਧ ਕਾਲੀਨ ਧਾਰਮਿਕ ਸਾਧਨਾਂ ਤੋਂ ਬਿਨਾਂ ਅਨੇਕ ਜਾਤੀਆਂ ਦੇ ਮੇਲ ਜੋਲ ਨੂੰ ਵੀ ਦਰਸਾਉਂਦੀ ਹੈ।

ਬੇਸ਼ੱਕ ਗੁਰੂਆਂ ਦਾ ਆਦ੍ਰਸ਼ ਅਧਿਆਤਮਕ ਰਹੱਸ ਦਾ ਨਿਰੂਪਣ ਕਰਕੇ ਮਨੁੱਖ ਨੂੰ ਪਰਮ-ਮਨੁੱਖ ਜਾਂ ਆਤਮਾ ਨੂੰ ਪਰਮ-ਆਤਮਾ ਬਨਾਉਣਾ ਸੀ, ਪਰ ਇਸ ਸਿਰਜਨ-ਵਿਧੀ ਲਈ ਕੋਈ ਵੀ ਜ਼ੁਬਾਨ ਤੁੱਛ ਜਾਂ ਘਟੀਆ ਨਹੀਂ ਸੀ ਕਹੀ ਜਾ ਸਕਦੀ ਤੇ ਨਾ ਕਿਸੇ ਦਾ ਦਰਜ਼ਾ ਛੋਟਾ ਸੀ, ਜਿਵੇਂ ਕਿ ਕੁੱਝ ਕੱਟੜ-ਪੰਥੀ ਸੰਸਕ੍ਰਿਤ ਤੇ ਅਰਬੀ ਨੂੰ ਤਾਂ ਦੇਵ ਭਾਸ਼ਾ ਜਾਂ ਖੁਦਾਈ ਜ਼ੁਬਾਨ ਕਹਿਕੇ ਉਚੇਰਾ ਰੁਤਬਾ ਦਿੰਦੇ ਸਨ, ਬਾਕੀਆਂ ਨੂੰ ਨਹੀਂ।ਸਤਿਗੁਰਾਂ ਨੇ ਸਭ ਰੂਪਾਂ, ਉਪ-ਰੂਪਾਂ ਨੂੰ ਉਚੇ ਅਨੁਭਵ ਪ੍ਰਗਟਾਕੇ ਇਕ ਸਮਾਨ ਕਰ ਦਿੱਤਾ, ਤੇ ਨਾਲ ਹੀ ਕਲਾਤਮਕ ਵਿਧੀ ਸਦਕੇ ਉਨ੍ਹਾਂ ਦਾ ਸਾਹਿਤਕ ਸਤਿਕਾਰ ਸਥਾਪਤ ਕਰ ਦਿੱਤਾ।

ਅਧਿਆਤਮਵਾਦ ਇਹ ਮਾਰਗ ਦਰਸਾਉਂਦਾ ਹੈ, ਕਿ ਮਨੁੱਖ ਨੇ ਪ੍ਰਮੇਸ਼ਰ ਨਾਲ ਕਿਵੇਂ ਰਿਸ਼ਤਾ ਕਾਇਮ ਕਰਨਾ ਹੈ, ਤੇ ਸਦਾਚਾਰ ਇਹ ਸਮਝਾਉਂਦਾ ਹੈ, ਕਿ ਮਨੁੱਖ ਦਾ ਮਨੁੱਖ ਨਾਲ ਕਿਹੋ ਜਿਹਾ ਰਿਸ਼ਤਾ ਹੋਣਾ ਚਾਹੀਦਾ ਹੈ।ਰੱਬ ਨਾਲ ਰਿਸ਼ਤਾ ਜੋੜਨ ਦੀ ਨੇਮਾਵਲੀ ਨੂੰ ਅਧਿਆਤਮ-ਸ਼ਾਸਤ੍ਰ ਕਿਹਾ ਜਾਂਦਾ ਹੈ, ਤੇ ਮਨੁੱਖ ਦਾ ਪਰਸਪਰ ਸੰਬੰਧ ਜੋੜਨ ਦੀ ਨੇਮਾਵਲੀ ਸਦਚਾਰ-ਸ਼ਾਸਤ੍ਰ ਹੈ।ਬਹੁਤੇ ਧਰਮੀ, ਪਹਿਲੀ ਗੱਲ ਉਤੇ ਹੀ ਬਹੁਤਾ ਜ਼ੋਰ ਦਿੰਦੇ ਰਹੇ ਤੇ ਕੁੱਝ ਅਜੇਹੇ ਵੀ ਆਏ ਜਿੰਨ੍ਹਾਂ ਪਹਿਲੀ ਬੁਨਿਆਦੀ ਗੱਲ ਨੂੰ ਬਿਲਕੁੱਲ ਹੀ ਤਿਲਾਂਜਲੀ ਦੇ ਦਿੱਤੀ।ਗੁਰੂ ਸਾਹਿਬਾਨ ਜ਼ਿੰਦਗੀ ਦੀ ਸੰਪੂਰਨਤਾ ਲਈ ਭਗਤੀ ਤੇ ਸਦਾਚਾਰ ਦੋਹਾਂ ਨੂੰ ਜ਼ਰੂਰੀ ਅੰਗ ਕਰਾਰ ਦਿੰਦੇ ਹਨ, ਤੇ ਉਹ ਇਹ ਵੀ ਕਹਿੰਦੇ ਹਨ ਕਿ ਭਗਤੀ ਯਾ ਬੰਦਗੀ ਸੰਪੂਰਣ ਹੋ ਹੀ ਨਹੀਂ ਸਕਦੀ, ਜੇਕਰ ਸ੍ਰੇਸ਼ਟ ਗੁਣਾ ਨਾਲ ਜ਼ਿੰਦਗੀ ਸ਼ਿੰਗਾਰੀ ਨਾ ਜਾਵੇ।

ਅਧਿਆਤਮਿਕ ਮੰਡਲ ਵਿਚ ਉਡਾਣਾਂ ਭਰਨ ਲਈ 'ਗਿਆਨ' ਅਤੇ 'ਸ਼ਰਧਾ' ਰੂਪੀ ਦੋ ਖੰਭਾਂ ਦਾ ਹੋਣਾ ਲਾਜ਼ਮੀ ਹੈ।ਇਕ ਖੰਭ ਨਾਲ ਉਡਿਆ ਨਹੀਂ ਜਾ ਸਕੇਗਾ।ਕਈ ਗਿਆਨ ਪ੍ਰਾਪਤ ਕਰਕੇ ਜਾਂ ਪ੍ਰੇਮ ਦੇ ਰਸਤੇ ਤੁਰ ਕੇ ਵੀ ਲਬ ਲੋਭ ਨਹੀਂ ਛੱਡਦੇ; ਸਗੋਂ ਉਹ ਇਹ ਰਾਹ ਅਪਣਾਉਂਦੇ ਹੀ ਕਿਸੇ ਲੋਭ ਦੀ ਪੂਰਤੀ ਲਈ ਹੈ।ਖਾਸ ਨੁਕਤਾ ਇਹ ਵੀ ਸਮਝਣ ਵਾਲਾ ਹੈ, ਕਿ ਅਗਰ ਗਿਆਨ ਸਿਰਫ ਤਰਕਬਾਜ਼ੀ ਅਥਵਾ ਵਾਦ-ਵਿਵਾਦ ਲਈ ਹੀ ਇਕੱਤ੍ਰ ਕੀਤਾ ਹੈ, ਤਾਂ ਭੀ ਲਾਭ ਦੀ ਜਗ੍ਹਾ ਨੁਕਸਾਨ ਹੀ ਕਰੇਗਾ।ਆਪਣੀ ਸਮਰੱਥਾ ਦੂਸਰੇ ਨੂੰ ਪਿਆਰ ਨਾਲ ਸਮਝਣ ਸਮਝਾਉਣ ਤੱਕ ਹੀ ਸੀਮਤ ਰੱਖਣੀ ਚਾਹੀਦੀ ਹੈ।ਜੇ ਕੋਈ ਕਿਸੇ ਦੇ ਜ਼ੋਰ ਦੇਣ ਤੇ ਜਾਂ ਧੱਕੇ ਨਾਲ ਮਨਵਾਉਣ ਦੀ ਸਥਿਤੀ ਕਰਕੇ ਧਰਮ ਤੋਂ ਦੂਰ ਹੁੰਦਾ ਹੈ, ਤਾਂ ਇਸ ਵਿਚ ਦੋਸ਼ ਮਨਵਾਉਣ ਵਾਲੇ ਦਾ ਹੀ ਬਣਦਾ ਹੈ, ਮੰਨਣ ਵਾਲੇ ਦਾ ਨਹੀਂ, ਕਿਉਂਕਿ ਉਸ ਵਿਚ ਤਾਂ ਅਜੇ ਉਨ੍ਹਾਂ ਗੱਲਾਂ ਨੂੰ ਸਮਝਣ ਦੀ ਸਮਰੱਥਾ ਹੀ ਨਹੀਂ ਸੀ, ਜਿਸ ਕਰਕੇ ਉਹ ਆਪਣੀ ਹੀਣ-ਭਾਵਨਾ ਨੂੰ ਨਾਂ ਜਰਦਾ ਹੋਇਆ ਕਿਸੇ ਚੰਗੀ ਗੱਲ ਤੋਂ ਵੀ ਇਨਕਾਰੀ ਹੋ ਜਾਂਦਾ ਹੈ।ਸ਼ਰਧਾ (ਪ੍ਰੇਮ) ਜਾਂ ਵਿਸ਼ਵਾਸ਼ ਮਨੁੱਖ ਦੀ ਆਪਣੀ ਨਿੱਜੀ ਜ਼ਿੰਦਗੀ ਨਾਲ ਸੰਬੰਧਤ ਹੈ।ਇਹ ਕੋਈ ਕਿਸੇ ਨੂੰ ਦੱਸ ਤਾਂ ਨਹੀਂ ਸਕਦਾ ਪਰ ਉਸਦੇ ਕਾਰ ਵਿਹਾਰ ਵਿਚੋਂ ਇਸਦੀ ਝਲਕ ਜ਼ਰੂਰ ਦਿਸ ਜ਼ਰੂਰ ਪੈਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਦੈਵੀ ਸ਼ਕਤੀ ਹੈ, ਕਿ ਜੋ ਭੀ ਕੋਈ ਭਾਵੇਂ ਉਹ ਗੈਰ ਸਿੱਖ ਹੀ ਹੋਵੇ, ਮਨ

ਕਰਕੇ ਇਸਨੂੰ ਵਾਰ ਵਾਰ ਪੜ੍ਹ ਕੇ ਸਮਝਣ ਦੀ ਖੇਚਲ ਕਰੇਗਾ ਉਸਨੂੰ ਇਸ ਵਿਚ ਵਿਸ਼ਵਾਸ਼, ਪ੍ਰੇਮ, ਜਾਂ ਸ਼ਰਧਾ ਪੈਦਾ ਹੋ ਜਾਣਾ ਕੁਦਰਤੀ ਹੈ।

ਸਾਡੇ ਇੰਦਰਿਆਂ ਤੇ ਮਨ ਦੀ ਸੀਮਾ ਹੈ, ਜਿਸ ਕਰਕੇ ਉਸ ਅਸੀਮ ਨੂੰ ਕਿਵੇਂ ਵਿਚਾਰ ਗੋਚਰਾ ਕਰ ਸਕਦੇ ਹਾਂ? ਜਿਵੇਂ ਵੈਦਿਕ ਆਸਤਿਕ (ਨੇਤਿ ਨੇਤਿ) 'ਉਹ ਇਹ ਨਹੀਂ", 'ਉਹ ਇਹ ਨਹੀਂ" ਕਹਿੰਦੇ ਹਨ, ਇਸੇ ਤਰ੍ਹਾਂ ਨਾਸਤਿਕ ਕਹਿੰਦੇ ਹਨ, 'ਉਹ ਹੈ ਹੀ ਨਹੀਂ", 'ਉਹ ਹੈ ਹੀ ਨਹੀਂ"।ਭਾਰਤੀ ਦਰਸ਼ਨ ਉਸਨੂੰ ਸੱਚਿਦਾਨੰਦ ਕਹਿੰਦਾ ਹੈ, ਸੋ 'ਸੱਤਿ' ਉਸਦਾ ਮੂਲ ਗੁਣ ਹੈ।ਪਰਮ ਜੋਤਿ 'ਸੱਤਿ' ਨੂੰ ਪਾਉਣ ਲਈ ਉਸਦੇ ਗੁਣ ਸਰਬਸਾਂਝੀਵਾਲਤਾ, ਏਕਤਾ, ਸਚਾਈ, ਚੇਤਨਤਾ, ਸਿਰਜਨਾਤਮਕਤਾ, ਵਿਆਪਕਤਾ, ਨਿਰਭੈਤਾ, ਨਿਰਵੈਰਤਾ, ਅਮਰਤਾ, ਆਤਮਨਿਰਭਰਤਾ, ਤੇ ਸੁਤੰਤਰਤਾ ਦਾ ਧਾਰਨੀ ਹੋਣਾ ਜ਼ਰੂਰੀ ਹੈ, ਪਰ ਇਹ ਸਭ ਕੁੱਝ ਹੋਣ ਦੇ ਬਾਵਜੂਦ ਭੀ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਮੈਂ ਆਪਣੀ ਕਮਾਈ ਸਦਕੇ ਹੀ ਪੂਰਨ ਪੁਰਖ ਬਣ ਸਕਾਂਗਾ, ਸਗੋਂ ਇਸ ਪੂਰਨਤਾ ਲਈ ਉਸਦੀ ਕ੍ਰਿਪਾ ਯਾ ਪ੍ਰਸਾਦਿ ਦੀ ਯਾਚਨਾਂ ਕਰਨੀ ਬਹੁਤ ਜ਼ਰੂਰੀ ਹੈ।ਇਸ ਪ੍ਰਾਪਤੀ ਦਾ ਮਾਰਗ 'ਗੁਰ ਪ੍ਰਸਾਦਿ' ਹੈ, ਉਸਦੀ ਕਿਰਪਾ ਹੈ।ਇਸ ਕ੍ਰਿਪਾ ਦੁਆਰਾ ਕੀ ਜਾਨਣਾ ਯਾ ਕੀ ਕੁੱਝ ਕਰਨਾ ਹੈ, ਇਸਦਾ ਜੁਵਾਬ ਹੈ-ਆਪਣੀ ਹਉਮੈ ਛੱਡ ਕੇ ਹੁਕਮ ਅਨੁਸਾਰ ਜੀਵਨ ਬਸਰ ਕਰਨਾ।

ਹਉਮੈ ਦਾ ਤਿਆਗ ਕੋਈ ਸਾਧਾਰਨ ਗੱਲ ਨਹੀਂ, ਸਗੋਂ ਸਭ ਤੋਂ ਔਖਾ ਕੰਮ ਹੈ।ਕੋਈ ਆਦਮੀ ਆਪਣੀ ਭਾਵਨਾ, ਆਪਣੀ ਅਕਲ, ਬੁੱਧੀ ਤੇ ਤਜ਼ਰਬੇ ਨੂੰ ਤਿਆਗ ਨਹੀਂ ਸਕਦਾ, ਪਰ ਜਦੋਂ ਜਗਿਆਸੂ ਨੂੰ ਇਸ ਹਕੀਕਤ ਦੀ ਸਮਝ ਪੈਂਦੀ ਹੈ, ਕਿ ਹੁਕਮ ਯਾ ਸ਼ਬਦ ਸਭ ਤੋਂ ਪ੍ਰਬਲ ਹੈ, ਤੇ ਇਸ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਝੁੱਲ ਸਕਦਾ।ਫਿਰ ਉਹ ਸਮਝਦਾ ਹੈ 'ਹੁਕਮ ਰਜਾਈ ਚਲਣਾ' ਹੀ ਧਰਮ ਹੈ, 'ਜੋ ਤੁਧ ਭਾਵੈ ਸਾਈ ਭਲੀਕਾਰ' ਹੀ ਵਧੀਆ ਧਰਮ ਕਰਮ ਹੈ, 'ਗੁਰਾ ਇਕ ਦੇਹਿ ਬੁਝਾਈ' ਤੇ 'ਸੋ ਮੈ ਵਿਸਰਿ ਨ ਜਾਈ' ਦੀ ਹੀ ਖੈਰ ਮੰਗਣੀ ਚਾਹੀਦੀ ਹੈ।ਇਹ ਸਭ ਕੁੱਝ ਤਾਂ ਹੀ ਹੋ ਸਕਦਾ ਹੈ, ਜੇ ਉਸ ਗੁਣੀ ਨਿਧਾਨ ਦੇ ਸ਼ਬਦਾਂ ਦੇ ਗਾਇਨ ਜਾਂ ਕੀਰਤਨ ਵਿਚ ਸੁਰਤ ਜੁੜਕੇ ਹਉਮੈ ਨੂੰ ਦਬਾਈ ਰੱਖੇ।ਇੰਨ੍ਹਾਂ ਸ਼ਬਦਾਂ ਵਿਚ ਜੋ ਰੱਬੀ ਵਿਸ਼ਵਾਸ਼ ਵਾਲੇ ਗੁਣ ਦ੍ਰਿੜਾਏ ਜਾਂਦੇ ਹਨ, ਉਸ ਅਨੁਸਾਰ ਆਪਣਾ ਜੀਵਨ ਢਾਲ ਕੇ ਸੁਹਿਰਦਤਾ ਦੀ ਭਾਵਨਾ ਨਾਲ ਵਰਤਦਾ ਸਾਰੇ ਸੰਸਾਰ ਨੂੰ ਹੁਕਮ ਦੀ ਖੇਡ ਜਾਣਦਾ ਹੈ।ਹੁਕਮ ਦੀ ਸੋਝੀ ਦੁਆਰਾ ਪਰਮ ਸੱਤਿ ਦੀ ਪਹਿਚਾਣ ਹੋਣ ਤੇ, ਇਹ ਜਲ-ਤਰੰਗ ਉਸ ਸ਼ੁਹ-ਸਾਗਰ ਨਾਲ ਅਭੇਦ ਹੋ ਜਾਂਦਾ ਹੈ, ਜਾਂ ਹਉਮੈ, ਹੁਕਮ ਵਿਚ ਸਮਾ ਕੇ ਮੁਕਤ ਹੋ ਜਾਂਦੀ ਹੈ, ਤੇ ਹੋਰਾਂ ਨੂੰ ਵੀ ਮੁਕਤ ਕਰਦੀ ਹੈ।

ਉਚ-ਪੱਧਰੀ ਜ਼ਿੰਦਗੀ ਜਿਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਮੁੱਖ ਸੰਦੇਸ਼ ਹੈ, ਕਿ ਧਰਮ ਕਮਾਉਣ ਲਈ ਕਿਸੇ ਕਰਮ ਦੀ ਲੋੜ ਨਹੀਂ, ਸਗੋਂ ਸਾਡੇ ਹਰ ਕਰਮ ਵਿਚ ਧਰਮ ਦੀ ਲੇਸ ਹੋਣੀ ਜ਼ਰੂਰੀ ਹੈ।ਸਾਡੇ ਹਰ ਕਰਮ ਵਿਚ ਧਰਮ ਦਾ ਲਿਸ਼ਕਾਰਾ ਪੈਣਾ ਚਾਹੀਦਾ ਹੈ, ਨਾਂ ਕਿ ਧਰਮ ਦੇ ਕਿਸੇ ਕਾਰਜ ਵਿਚ ਕਰਮ-ਕਾਂਡ ਨਜ਼ਰ ਆਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ-ਭੰਡਾਰ ਅਧਿਆਤਮਕ ਵਿਦਿਆ ਦੇ ਮਰਮੱਗ ਗੁਰੂਆਂ ਤੇ ਭਗਤਾਂ ਦਾ ਇਕ ਮੌਲਿਕ ਕ੍ਰਿਸ਼ਮਾ ਹੈ, ਕਿ ਉਨ੍ਹਾਂ ਰਹੱਸਾਤਮਕ ਡੂੰਘਿਆਈਆਂ ਦੇ ਪ੍ਰਗਟਾਉਣ ਲਈ ਸਾਧਾਰਣ ਸ਼ਬਦਾਂ ਨੂੰ ਵਰਤ ਕੇ ਇਹ ਕਾਰਨਾਮਾ ਕੀਤਾ, ਇਕ ਨਵੀਂ ਸ਼ਬਦ ਪਧਿਤੀ ਚਲਾਈ।ਸ਼ਬਦ ਦੇ ਅੰਦਰਲੇ ਰਹੱਸ ਨੂੰ ਤਾਂ ਕੋਈ ਵਿਰਲਾ ਹੀ ਜਾਣ ਸਕਦਾ ਹੈ।ਕਾਸ਼! ਅਸੀਂ ਇਸਦੇ ਸਾਧਾਰਣ ਅਰਥਾਂ ਨੂੰ ਜਾਣ ਕੇ ਹੀ ਸਹੀ ਮਾਰਗ ਦੇ ਪੰਧਾਊ ਬਣ ਸਕੀਏ, ਕਿਉਂਕਿ ਇਹ ਸ਼ਬਦ-ਭੰਡਾਰ ਸਾਡਾ ਗੁਰੂ ਹੈ।

ਜਿਵੇਂ ਮਿਸ਼ਰੀ ਦੇ ਪਹਾੜ ਕੋਲ ਕੀੜੀ ਪੁੱਜ ਜਾਵੇ ਤਾਂ ਉਹ ਮਿਠਾਸ ਦਾ ਆਨੰਦ ਤਾਂ ਜ਼ਰੂਰ ਮਾਣ ਸਕਦੀ ਹੈ, ਪਰ ਉਸਦਾ ਥਹੁ ਨਹੀਂ ਪਾ ਸਕਦੀ।ਇਸੇ ਤਰ੍ਹਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨੇੜਤਾ ਦਾ ਆਨੰਦ ਤਾਂ ਜਿੰਨਾਂ ਚਾਹੀਏ ਮਾਣ ਸਕਦੇ ਹਾਂ, ਪਰ ਇਸਦੇ ਗਿਆਨ ਨੂੰ ਪੂਰਨ ਤੌਰ ਤੇ ਸਮਝਣ ਦਾ ਦਾਅਵਾ ਨਹੀਂ ਕਰ ਸਕਦੇ।ਇਸਦੀ ਨੇੜਤਾ ਪ੍ਰਾਪਤ ਕਰਕੇ ਇਸ ਸਿੱਟੇ ਤੇ ਹੀ ਪਹੁੰਚ ਸਕੇ ਹਾਂ, ਕਿ ਹੋਰ ਬਾਕੀ ਧਾਰਮਿਕ ਗ੍ਰੰਥਾਂ ਦੇ ਮੁਕਾਬਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਵਿਲੱਖਣਤਾ ਹੈ :--

1.ਇਸ ਨੂੰ ਰਚਨਕਾਰ ਆਪਣੇ ਹੱਥੀਂ ਆਪ ਲਿਖ ਕੇ ਗਏ ਹਨ, ਜਿਸ ਵਿਚ ਕੋਈ ਵਾਧ ਘਾਟ ਨਾਂ ਹੈ ਨਾਂ ਹੋਵੇਗੀ।

2.ਇਸਦੀ ਦੀ ਸਾਰੀ ਸਾਮੱਗਰੀ ਜੀਵਨ ਨੂੰ ਅਗਵਾਈ ਦੇਣ ਲਈ ਹੈ, ਵਾਧੂ ਦੀ ਕਥਾ ਕਹਾਣੀ ਤੇ ਕਰਮ-ਕਾਂਡ ਨਹੀਂ।

3.ਇਸ ਵਿਚ ਸਾਰੇ ਜੀਵਨ ਸਿਧਾਂਤ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ, ਕਿਸੇ ਭਰਮ, ਵਹਿਮ, ਕਲਪਤ ਮੰਨਤਾ ਜਾਂ ਅੰਧ ਵਿਸ਼ਵਾਸ਼ ਦੀ ਗੁੰਜਾਇਸ਼ ਨਹੀਂ, ਬਲਕਿ ਗਿਆਨ-ਪ੍ਰਕਾਸ਼ ਤੇ ਜ਼ੋਰ ਹੈ।

4.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਧਾਰਮਿਕ ਗ੍ਰੰਥਾਂ ਵਾਂਗ ਸੰਸਾਰ ਦੀ, ਸਰੀਰ ਦੀ, ਇਸਤ੍ਰੀ ਜਾਂ ਗ੍ਰਿਹਸਤ ਦੀ ਬੇ-ਮਤਲਬ ਨਿਖੇਧੀ ਨਹੀਂ ਕੀਤੀ ਗਈ।ਇਸ ਦਾ ਜੀਵਨ-ਆਦ੍ਰਸ਼ ਪ੍ਰਲੋਕ ਜਾਂ ਮੁਕਤੀ ਹੀ ਨਹੀਂ, ਬਲਕਿ ਸੰਤੁਲਤ ਜੀਵਨ ਤਿਆਰ ਕਰਕੇ ਸਚਿਆਰ ਹੋਣਾ ਤੇ ਸਮਾਜ ਦੀ ਸੇਵਾ ਕਰਨਾ ਹੈ।

5.ਸਭ ਤੋਂ ਮਹੱਤਵਪੂਰਣ ਉਹ ਨਾਮ-ਸੰਦੇਸ਼ ਹੈ; ਜੋ ਸਰਬ-ਸਾਂਝੀਵਾਲਤਾ ਦ੍ਰਿੜਾ ਕੇ ਰੱਬੀ ਏਕਤਾ ਦੇ ਅਧਾਰ ਤੇ ਮਨੁੱਖੀ ਏਕਤਾ ਦਾ ਉਹ ਮਹੱਲ ਉਸਾਰਦਾ ਹੈ, ਜਿਸ ਵਿਚ ਨਸਲ, ਮਜ਼ਬ, ਵਰਣ ਜਾਂ ਜਾਤ-ਪਾਤ ਦਾ ਭਿੰਨ ਭੇਦ ਨਹੀਂ; ਅਤੇ ਇਹ ਆਤਮ-ਵਿਕਾਸ ਤੇ ਸਮਾਜਿਕ-ਵਿਕਾਸ ਦੋਹਾਂ ਲਈ ਲਾਭਵੰਦ ਹੈ।